**ਦਫਤਰ ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ) ਪੰਜਾਬ ।**

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ. ਏ. ਐੱਸ ਨਗਰ**

# ਨੋਟਿਸ

**ਸੋਧੀ ਡਰਾਫਟ ਸੀਨੀਆਰਤਾ ਸੂਚੀ ਭਾਗ - 3 ਬਾਬਤ**

**(Regarding - Amended Draft Seniority List Part - 3)**

**ਮਿਤੀ 20.02.2024**

1.0 ਵਿਭਾਗ ਵੱਲੋਂ ਮਾਸਟਰ ਕਾਡਰ ਦੀ ਸੀਨੀਆਰਤਾ ਦੇ ਸਬੰਧ ਵਿੱਚ ਸੋਧੀ ਡਰਾਫਟ ਸੀਨੀਆਰਤਾ ਸੂਚੀ ਭਾਗ-3 ਮਿਤੀ 12.02.2024 ਨੂੰ ਵੈਬਸਾਈਟ ਤੇ ਪ੍ਰਾਪਤ ਇਤਰਾਜਾਂ ਦੀ ਪੂਰਤੀ ਕਰਦੇ ਹੋਏ ਅਪਲੋਡ ਕੀਤੀ ਗਈ ਸੀ।

2.0 ਮਾਸਟਰ ਕਾਡਰ ਦੀ ਸੋਧੀ ਡਰਾਫਟ ਸੀਨੀਆਰਤਾ ਸੂਚੀ ਦੇ ਤੀਜੇ ਭਾਗ ਵਿੱਚ ਕਈ ਕਰਮਚਾਰੀ/ਰਿਟਾਇਰੀ ਜੋ ਕਿ ਲੈਕਚਰਾਰ ਕਾਡਰ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਵੱਲੋਂ ਲਿਖਿਆ ਹੋਇਆ ਪ੍ਰਾਪਤ ਹੋ ਰਿਹਾ ਹੈ ਕਿ ਉਨ੍ਹਾਂ ਦਾ ਨਾਮ ਮਾਸਟਰ ਕਾਡਰ ਦੀ ਸੀਨੀਆਰਤਾ ਵਿੱਚ ਦਰਜ ਨਹੀਂ ਹੈ। ਇਸ ਸਬੰਧ ਵਿੱਚ ਉਨ੍ਹਾਂ ਦਾ ਰਿਕਾਰਡ ਦਾ ਮਿਲਾਨ ਵਿਭਾਗ ਦੇ ਐਮ.ਆਈ.ਐਸ ਡਾਟੇ ਨਾਲ ਕੀਤਾ ਗਿਆ ਤਾਂ ਉਨ੍ਹਾਂ ਦਾ First Designation ਤਾਂ Lecturer ਦਰਜ ਹੈ ਪਰੰਤੂ ਉਨ੍ਹਾਂ ਦੀ ਵਿਭਾਗ ਵਿੱਚ ਹਾਜਰੀ ਦੀ ਮਿਤੀ ਮਾਸਟਰ ਕਾਡਰ ਨਿਯੁਕਤੀ ਦੀ ਦਰਜ ਕੀਤੀ ਗਈ ਹੈ ਜਿਸ ਕਰਕੇ ਉਨ੍ਹਾਂ ਦੇ ਰਿਕਾਰਡ ਦੀ ਪੁਸ਼ਟੀ ਨਹੀਂ ਹੋ ਪਾ ਰਹੀ ਹੈ। ਬਹੁਤ ਸਾਰੇ ਸਿਮੀਲਰ ਕੇਸਾਂ ਵਿੱਚ ਕਰਮਚਾਰੀ/ਅਧਿਕਾਰੀ/ਰਿਟਾਇਰੀ ਦਾ ਡਾਟਾ ਖੇਤਰੀ ਦਫਤਰਾਂ ਰਾਹੀਂ ਪ੍ਰਾਪਤ ਹੋਇਆ ਹੈ । ਉਸ ਆਧਾਰ ਤੇ ਉਹਨਾਂ ਦਾ ਇੰਦਰਾਜ਼ ਸੀਨੀਆਰਤਾ ਸੂਚੀ ਵਿੱਚ ਕਰ ਦਿੱਤਾ ਗਿਆ ਹੈ । ਪ੍ਰੰਤੂ ਫੇਰ ਵੀ ਸੰਭਾਵਨਾ ਬਣੀ ਹੈ ਕਿ ਕਿਸੇ ਵੀ ਪ੍ਰੋਮੋਟਡ ਕਰਮਚਾਰੀ/ਅਧਿਕਾਰੀ/ਰਿਟਾਇਰੀ ਦਾ ਇੰਦਰਾਜ ਹੋਣ ਤੋਂ ਰਹਿ ਗਿਆ ਹੋਵੇ।

3.0 ਉਕਤ ਦਰਸ਼ਾਈ ਸਥਿਤੀ ਅਨੁਸਾਰ ਜਿਨ੍ਹਾਂ ਕਰਮਚਾਰੀ/ਅਧਿਕਾਰੀ/ਰਿਟਾਇਰੀ ਦੇ ਐਮ.ਆਈ.ਐਸ. ਦੇ ਡਾਟੇ ਵਿੱਚ ਉਨ੍ਹਾਂ ਦਾ First Designation ਤਾਂ Lecturer ਦਰਜ ਹੈ ਪਰੰਤੂ ਉਨ੍ਹਾਂ ਦੀ ਵਿਭਾਗ ਵਿੱਚ ਹਾਜਰੀ ਦੀ ਮਿਤੀ ਮਾਸਟਰ ਕਾਡਰ ਦੀ ਦਰਜ ਹੈ, ਪਰੰਤੂ ਉਨ੍ਹਾਂ ਦਾ ਨਾਮ ਮਾਸਟਰ ਕਾਡਰ ਦੀ ਸੀਨੀਆਰਤਾ ਸੂਚੀ ਵਿੱਚ ਦਰਜ ਹੋਣ ਤੋਂ ਰਹਿ ਗਿਆ ਹੈ, ਉਹ ਆਪਣਾ ਕਲੇਮ ਮਿਤੀ 26.02.2024 ਤੱਕ ਨਿੱਜੀ ਪੱਧਰ ਤੇ ਨਾਲ ਨੱਥੀ ਪ੍ਰੋਫਾਰਮੇ ਅਨੁਸਾਰ ਸਮੇਤ ਨਿਯੁਕਤੀ ਦੇ ਦਸਤਾਵੇਜ ਭਾਵ ਨਿਯੁਕਤੀ ਪੱਤਰ, ਹਾਜਰੀ ਦੀ ਕਾਪੀ ਨਾਲ ਨੱਥੀ ਕਰਦੇ ਹੋਏ ਮੁੱਖ ਦਫਤਰ ਹੇਠ ਲਿਖੇ ਪਤੇ ਤੇ ਜਮ੍ਹਾ ਕਰਵਾ ਸਕਦੇ ਹਨ ।

Assistant Director Promotion Cell
O/o Director School Education (Secondary)
4th Floor Block-E Complex Punjab School Education Board, Sector 62, Mohali
Pin code:- 160062

ਉਕਤ ਮਿਤੀ ਉਪਰੰਤ ਪ੍ਰਾਪਤ ਕਿਸੇ ਇਤਰਾਜ਼ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਨੱਥੀ / ਪ੍ਰੋਫਾਰਮਾ

ਸਹਾਇਕ ਡਾਇਰੈਕਟਰ ਪ੍ਰਮੋਸ਼ਨ ਸੈਲ
ਵਾ. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।